# 'ਵਧੀਆ ਸੁਆਦ ਵਾਲਾ ਫ਼ਲੇਵਰ ਦਸੋ ਤੇ ਜਿੱਤੋ 50 ਲੱਖ ਦਾ ਇਨਾਮ'

**ਚੰਡੀਗੜ੍ਹ , 3 ਨਵੰਬਰ ( ਅਬਰਾਵਾਂ) :** ਹਰੇਕ ਅਪਣੇ ਗਾਹਕਾਂ ਦਾ ਸਨਮਾਨ ਕਰਦਾ ਹੈ ਤੇ ਉਨ੍ਹਾਂ ਦਾ ਖ਼ਾਸ ਖਿਆਲ ਕਰਦਾ ਹੈ ਇਸੇ ਦੇ ਚਲਦਿਆਂ ਲੇਜ਼ ਚਿਪਸ ਵਾਲਿਆਂ ਨੇ ਹੁਣ ਦੇਸ਼ ਵਿਚ ਇਕ ਮੁਕਾਬਲਾ ਆਰੰਭ ਕੀਤਾ ਹੈ ਜਿਸ ਵਿਚ ਅਪਣੇ ਮਨਪਸੰਦ ਦੇ ਸੁਆਦ ਦੇ ਚਿਪਸ ਬਰਾਂਡ ਨੂੰ ਸੁਝਾਉਣ ਤੇ ਜਿਸ ਨੂੰ 3 ਜੱਜਾਂ ਵਲੋਂ ਵਧੀਆਂ ਐਲਾਨਿਆ ਜਾਏਗਾ ਉਸ ਨੂੰ 50 ਲੱਖ ਰੁਪਏ ਤੇ ਉਸ ਬਰਾਂਡ ਦੀ ਸੇਲ ਦਾ 1 ਫ਼ੀ ਸਦੀ ਦੇ ਕੇ ਮਾਲੋਮਾਲ ਕਰ ਦਿਤਾ ਜਾਏਗਾ। ਇਹ ਐਲਾਨ ਇਥੇ ਇਕ ਪੱਤਰਕਾਰ ਮਿਲਣੀ ਵਿਚ ਪੈਪਸੀ ਕੋ ਇੰਡੀਆ ਦੀ ਫ਼ਰੀਟੋ ਲੇਅ ਇੰਡੀਆ ਮੰਡਲ ਦੀ ਮੀਤ ਪ੍ਰਧਾਨ ਮਾਰਕੀਟਿੰਗ ਕੁਮਾਰੀ ਰੁਚਰਾ ਜੇਤਲੀ ਨੇ ਕੀਤਾ। ਕੁਮਾਰੀ ਜੇਤਲੀ ਨੇ ਦਸਿਆ ਕਿ ਜੱਜਾਂ ਵਿਚ ਐਨਡੀ ਟੀ ਵੀ ਗੁੱਡ ਟਾਇਮਜ਼ ਦਾ ਐਂਕਰ ਅਦਿਤਯਾ ਬੱਲ, ਜੇ ਡਬਲਯੂ ਟੀ ਦੇ ਮੀਤ ਪ੍ਰਧਾਨ ਸ੍ਰੀ ਅਨੁਜਾ ਚੌਹਾਨ ਤੇ ਪੈਪਸੀ ਕੋ ਇੰਡੀਆ ਦੇ ਨਿਰਦੇਸ਼ਕ ਆਰ ਐਂਡ ਡੀ ਡਾ: ਟੀ ਐਸ ਆਰ ਮੁਰਲੀ ਸ਼ਾਮਲ ਹੋਣਗੇ। ਕੁਮਾਰੀ ਜੇਤਲੀ ਦਾ ਕਹਿਣਾ ਹੈ ਕਿ ਦਿਲ ਤੇ ਦਿਮਾਗ਼ ਨਾਲ ਨਾਅਰਾ ਲਿਖ ਕੇ ਐਸ ਐਮ ਐਸ ਕਰ ਕੇ ਜਾਂ ਚਿੱਠੀ ਰਾਹੀਂ ਟੋਲ ਫ਼ਰੀ ਨੰਬਰ 'ਤੇ ਘੱਲੇ ਜਾ ਸਕਣਗੇ।




ਪੈਪਸੀ ਕੋ ਇੰਡੀਆ ਦੀ ਫ਼ਰੀਟੋ ਲੇਅ ਇੰਡੀਆ ਮੰਡਲ ਦੀ ਮੀਤ ਪ੍ਰਧਾਨ ਮਾਰਕੀਟਿੰਗ ਕੁਮਾਰੀ ਰੁਚਰਾ ਜੇਤਲੀ ਕੰਪਨੀ ਦੀ ਯੋਜਨਾ ਲਾਂਚ ਕਰਦੀ ਹੋਈ। ਫ਼ੋਟੋ : ਜਗਮੋਹਨ ਬਾਵਾ